This question paper contains 2 printed pages]

**Roll No.** | | | | | | | | | | | |

S. No. of Question Paper : **5644**

Unique Paper Code : **212451**

**E**

Name of the Paper : **Punjabi Dicipline-A**

Name of the Course : **B.A. (Prog.)**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਹੇਠ ਲਿਖੀਆਂ ਕਾਵਿ-ਟੂਕਾਂ ਵਿਚੋ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

*ਹੀਰ ਰਾਂਝਣ ਦੇ ਹੋ ਗਏ ਮੇਲੇ*
*ਭੁੱਲੀ ਹੀਰ ਢੂੰਡੇਦੀ ਬੇਲੇ,*
*ਰਾਂਝਣ ਯਾਰ ਬਗਲ ਵਿਚ ਖੇਲ੍ਹੇ*
*ਮੈਨੂੰ ਸੁੱਧ ਰਹੀ ਨਾ ਸਾਰ*
*ਇਸ਼ਕ ਦੀ ਨਵੀਓਂ ਨਵੀ ਬਹਾਰ।*

ਜਾਂ

*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,*
*ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।*
*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,*
*ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।*
*ਸਣੇ ਆਦਮੀ ਗੋਲੀਆਂ ਨਾਲ ਉੱਡਣ,*
*ਹਾਥੀ ਫਿਰਦੇ ਸਣੇ ਅੰਬਾਰੀਆਂ ਨੀ।*
*ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,*
*ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।* 10

2. ਮੱਧਕਾਲੀਨ ਪੰਜਾਬੀ-ਕਾਵਿ ਪੁਸਤਕ ਦੇ ਆਧਾਰ ਉੱਤੇ 'ਸੂਫ਼ੀ-ਕਾਵਿ' ਜਾਂ 'ਬੀਰ-ਕਾਵਿ' ਕਿਸੇ ਇਕ ਬਾਰੇ ਭਰਪੂਰ ਜਾਣਕਾਰੀ ਦਿਓ।

ਜਾਂ

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ ਸਾਰ ਲਿਖੋ .

1) ਇਸ਼ਕ ਦੀ ਨਵੀਓਂ ਨਵੀ ਬਹਾਰ,
2) ਜੰਗਨਾਮਾ ਸ਼ਾਹ ਮੁਹੰਮਦ
3) ਹੀਰ ਵਾਰਸ 15

P.T.O.

3. ਹੇਠਾਂ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ :
ਪੇਮੀ ਦੇ ਨਿਆਣੇ, ਭਾਬੀ ਮੈਨਾ, ਤਾਸ਼ ਦੀ ਆਦਤ, ਖ਼ਬਲ 15

4. ਕਥਾ ਪੰਜਾਬ ਪੁਸਤਕ ਦੀ ਭੂਮਿਕਾ ਵਿਚ ਲੇਖਕ ਨੇ ਨਿੱਕੀ ਕਹਾਣੀ ਦੇ ਕਿਹੜੇ ਉੱਘੜਵੇਂ ਲੱਛਣਾ ਬਾਰੇ ਚਰਚਾ ਕੀਤੀ ਹੈ ?

ਜਾਂ

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1) 'ਕਰਾਮਾਤ' ਕਹਾਣੀ ਵਿਚ ਲੇਖਕ ਕਿਸ ਘਟਨਾ ਦਾ ਜ਼ਿਕਰ ਕਰਦਾ ਹੈ ?
2) 'ਇਕ ਹਉਕਾ' ਕਹਾਣੀ ਵਿਚ ਹਉਕੇ ਤੋਂ ਲੇਖਿਕਾ ਦਾ ਕੀ ਮਨੋਰਥ ਹੈ ? ਇਹ ਕਿਨ੍ਹਾਂ ਸਥਿਤੀਆਂ ਵੱਲ ਇਸ਼ਾਰਾ ਕਰਦਾ ਹੈ ? 2x5=10

5. (ੳ) ਪੰਜਾਬੀ ਭਾਸ਼ਾ ਦੀਆਂ ਉੱਘੜਵੀਆਂ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ।

(ਅ) ਗੁਰਮੁਖੀ ਲਿਪੀ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਓ।

(ੲ) ਵਿਆਕਰਣ ਤੇ ਭਾਸ਼ਾ-ਵਿਗਿਆਨ ਵਿਚਲੇ ਸੰਬੰਧਾਂ ਬਾਰੇ ਚਰਚਾ ਕਰੋ। 3x5=15

6. ਗੁਰਮੁਖੀ ਲਿਪੀ ਤੇ ਸ਼ਾਹਮੁਖੀ-ਲਿਪੀ ਵਿਚ ਕੀ ਅੰਤਰ ਹੈ ? ਉਦਾਹਰਨਾਂ ਸਹਿਤ ਜਾਣਕਾਰੀ ਦਿਓ। 10